# ਪੰਜਾਬ ਸਰਕਾਰ, ਸਿੱਖਿਆ ਵਿਭਾਗ
## ਦਫ਼ਤਰ ਸਪੈਸ਼ਲ ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ, ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ,
## ਐਸ.ਸੀ.ਓ. 104-106, ਦੂਜੀ-ਤੀਜੀ ਮੰਜ਼ਿਲ, ਸੈਕਟਰ-34ਏ, ਚੰਡੀਗੜ੍ਹ।

ਸੇਵਾ ਵਿਖੇ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)
ਪੰਜਾਬ।

ਮੀਮੋ ਨੰ: RMSA/Fin/2009-10/24785-24804
ਮਿਤੀ, ਚੰਡੀਗੜ੍ਹ : 11-02-2010

**ਵਿਸ਼ਾ:** **ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ ਦੀ ਸਲਾਨਾ ਵਰਕ ਪਲਾਨ ਅਤੇ ਬਜਟ 2009-10 ਅਧੀਨ ਸਮੂਹ ਸਰਕਾਰੀ ਹਾਈ/ਸੈਕੰਡਰੀ ਸਕੂਲਾਂ ਲਈ ਸਕੂਲ ਗਰਾਂਟ, ਮਾਈਨਰ ਰਿਪੇਅਰ ਗਰਾਂਟ ਅਤੇ ਟੀਚਰ ਟ੍ਰੇਨਿੰਗ ਗਰਾਂਟ ਜਾਰੀ ਕਰਨ ਅਤੇ ਇਨ੍ਹਾਂ ਗਰਾਂਟਾਂ ਦੀ ਯੋਗ ਵਰਤੋਂ ਕਰਨ ਸਬੰਧੀ।**

**ਹਵਾਲਾ:** ਇਸ ਦਫ਼ਤਰ ਦਾ ਪੱਤਰ ਨੰ: 4/25-DGSE/RMSA/3302-3321 ਮਿਤੀ 25.01.2010.

1.0 ਹਵਾਲੇ ਅਧੀਨ ਪੱਤਰ ਰਾਹੀਂ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਤਹਿਤ ਰਾਜ ਦੇ ਸਮੂਹ ਸਰਕਾਰੀ ਹਾਈ/ ਸੈਕੰਡਰੀ ਸਕੂਲਾਂ ਵਿਚ ਸਕੂਲ ਮੈਨੇਜਮੈਂਟ ਕਮੇਟੀ ਦੀ ਰਚਨਾ ਬਾਰੇ ਲੋੜੀਂਦੀਆਂ ਗਾਈਡ-ਲਾਈਨਜ਼ ਜਾਰੀ ਕੀਤੀਆਂ ਗਈਆਂ ਸਨ। ਇਸ ਦੀ ਲਗਾਤਾਰਤਾ ਵਿਚ ਹੁਣ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪ੍ਰੋਜੈਕਟ ਐਪਰੂਵਲ ਬੋਰਡ, ਮਾਨਵ ਸੰਸਾਧਨ ਮੰਤਰਾਲਾ, ਭਾਰਤ ਸਰਕਾਰ ਵੱਲੋਂ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਤਹਿਤ ਪੰਜਾਬ ਰਾਜ ਲਈ ਸਾਲ 2009-10 ਦੀ ਪਲਾਨ ਮਨਜ਼ੂਰ ਕਰ ਦਿੱਤੀ ਗਈ ਹੈ ਜਿਸ ਵਿਚ **ਰੈਕਰਿੰਗ ਗਰਾਂਟ** ਜਿਵੇਂ ਕਿ ਸਕੂਲ ਐਨੂਅਲ ਗਰਾਂਟ, ਮਾਈਨਰ ਰਿਪੇਅਰ ਗਰਾਂਟ, ਇਨ-ਸਰਵਿਸ ਟ੍ਰੇਨਿੰਗ ਫਾੱਰ ਸੈਕੰਡਰੀ ਟੀਚਰਜ਼, ਮੈਨੇਜਮੈਂਟ-ਮੋਨੀਟਰਿੰਗ-ਇਵੈਲੂਏਸ਼ਨ-ਰਿਸਰਚ ਅਤੇ **ਨਾੱਨ-ਰੈਕਰਿੰਗ ਗਰਾਂਟ** ਜਿਵੇਂ 'ਬਿਲਡਿੰਗ ਕੱਸਟ ਫਾੱਰ 70 ਹਾਈ ਸਕੂਲਜ਼' ਸ਼ਾਮਲ ਹਨ। ਆਪ ਦੀ ਜਾਣਕਾਰੀ ਹਿੱਤ ਇਹ ਵੀ ਦੱਸਿਆ ਜਾਂਦਾ ਹੈ ਕਿ ਆਰ.ਐਮ.ਐਸ.ਏ ਸਕੀਮ ਅਧੀਨ ਫੰਡਜ਼ ਭਾਰਤ ਅਤੇ ਰਾਜ ਸਰਕਾਰ ਪਾਸੋਂ 75:25 ਦੇ ਅਨੁਪਾਤ ਵਿੱਚ ਦਿੱਤੇ ਜਾਣੇ ਹਨ।

2.0 ਭਾਰਤ ਸਰਕਾਰ ਵੱਲੋਂ ਆਪਣੇ ਹਿੱਸੇ ਦੀ ਰਾਸ਼ੀ ਦੀ **ਪਹਿਲੀ ਕਿਸ਼ਤ ਵਜੋਂ** 23.25 **ਕਰੋੜ ਰੁਪਏ** ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਜਿਸ ਵਿਚ 15.54 **ਕਰੋੜ ਰੁਪਏ ਬਤੌਰ ਰੈਕਰਿੰਗ ਗਰਾਂਟ ਅਤੇ** 7.71 **ਕਰੋੜ ਰੁਪਏ ਬਤੌਰ ਨਾੱਨ-ਰੈਕਰਿੰਗ ਗਰਾਂਟ** ਜਾਰੀ ਕੀਤੇ ਗਏ ਹਨ। ਰਾਜ ਸਰਕਾਰ ਵੱਲੋਂ ਪਹਿਲੀ ਕਿਸ਼ਤ ਦੀ **(ਰਾਸ਼ੀ 7.75 ਕਰੋੜ)** ਛੇਤੀ ਹੀ ਜਾਰੀ ਕਰ ਦਿੱਤੀ ਜਾਵੇਗੀ।

3.0 ਇਸ ਪੱਤਰ ਰਾਹੀਂ ਸਮੂਹ ਜ਼ਿਲ੍ਹਿਆਂ ਦੇ ਸਾਰੇ ਸਰਕਾਰੀ ਹਾਈ/ ਸੈਕੰਡਰੀ ਸਕੂਲਾਂ ਲਈ 100% **ਸਕੂਲ ਗਰਾਂਟ @ Rs. 40,000/- per school** (including replacement of lab equipment & purchase of lab consumables @ Rs. 25,000/- per school, purchase of books @ Rs. 10,000/- per school and water/ electricity charges @ Rs. 5,000/- per school), 100% **ਮਾਈਨਰ ਰਿਪੇਅਰ ਗਰਾਂਟ @ Rs. 25,000/- per school** ਅਤੇ 50% **ਟੀਚਰ ਟ੍ਰੇਨਿੰਗ ਗਰਾਂਟ @ Rs. 200/- per teacher for 500 teachers per district Annexure-I** ਅਨੁਸਾਰ ਸਾਲ 2009-10 ਲਈ ਜਾਰੀ ਕੀਤੀ ਜਾ ਰਹੀ ਹੈ।

4.0 ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਵੱਲੋਂ **ਸਕੂਲ ਗਰਾਂਟ** ਅਤੇ **ਮਾਈਨਰ ਰਿਪੇਅਰ ਗਰਾਂਟ** ਸਾਰੇ ਹਾਈ/ਸੈਕੰਡਰੀ ਸਕੂਲਾਂ ਦੀਆਂ ਸਕੂਲ ਮੈਨੇਜਮੈਂਟ ਕਮੇਟੀਆਂ ਨੂੰ ਰਿਲੀਜ਼ ਕਰ ਦਿੱਤੀ ਜਾਵੇਗੀ। ਟੀਚਰ ਟ੍ਰੇਨਿੰਗ ਗਰਾਂਟ ਦੀ ਵਰਤੋਂ ਲੋੜ ਅਨੁਸਾਰ ਜ਼ਿਲ੍ਹਾ ਪੱਧਰ ਤੇ ਕੀਤੀ ਜਾਵੇਗੀ।

5.0 ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜ਼ਿਲ੍ਹਾ ਅਤੇ ਸਕੂਲ ਪੱਧਰ ਤੇ ਇਨ੍ਹਾਂ ਫੰਡਾਂ ਨੂੰ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਤਹਿਤ ਵੱਖਰੇ ਤੌਰ ਤੇ ਖੋਲ੍ਹੇ ਗਏ ਬੈਂਕ ਅਕਾਂਉਂਟ ਵਿੱਚ ਜਮ੍ਹਾਂ ਕਰਵਾਇਆ ਜਾਵੇਗਾ।

6.0 ਜ਼ਿਲ੍ਹਾ ਪੱਧਰ ਤੇ ਇਹ ਬੈਂਕ ਅਕਾਂਉਂਟ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਅਤੇ ਜ਼ਿਲ੍ਹਾ ਪ੍ਰੋਜੈਕਟ ਕੋਆਰਡੀਨੇਟਰ, RMSA ਦੋਹਾਂ ਦੇ ਹਸਤਾਖ਼ਰਾਂ ਹੇਠ ਓਪਰੇਟ ਕੀਤਾ ਜਾਵੇਗਾ।

7.0 ਇਸੇ ਤਰ੍ਹਾਂ ਸਕੂਲ ਪੱਧਰ ਤੇ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਦਾ ਬੈਂਕ ਅਕਾਂਉਂਟ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਸਕੱਤਰ ਅਤੇ ਚੇਅਰਮੈਨ ਦੋਹਾਂ ਦੇ ਸਾਂਝੇ ਹਸਤਾਖ਼ਰਾਂ ਹੇਠ ਓਪਰੇਟ ਹੋਵੇਗਾ।

8.0 ਜਿੱਥੋਂ ਤੱਕ 70 ਨਵੀਆਂ ਹਾਈ ਸਕੂਲ ਬਿਲਡਿੰਗਾਂ ਦਾ ਸਵਾਲ ਹੈ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਬਿਲਡਿੰਗਾਂ ਦੀ ਉਸਾਰੀ ਦਾ ਕੰਮ ਵੱਖ-ਵੱਖ ਏਜੰਸੀਆਂ ਜਿਵੇਂ ਕਿ ਪੁੱਡਾ, ਪੀ.ਡਬਲਿਊ.ਡੀ., ਮੰਡੀਕਰਨ ਬੋਰਡ ਅਤੇ ਰੂਰਲ ਡਿਵੈਲਪਮੈਂਟ ਅਤੇ ਪੰਚਾਇਤ ਵਿਭਾਗ ਵੱਲੋਂ ਕਰਵਾਏ ਜਾਣ ਦਾ ਫੈਸਲਾ ਸਰਕਾਰ ਦੇ ਪੱਧਰ ਤੇ ਲਿਆ ਜਾ ਚੁੱਕਿਆ ਹੈ। ਵਿਸਤ੍ਰਿਤ ਸੂਚਨਾ **Annexure-II** ਤੇ ਰੱਖੀ ਗਈ ਹੈ। ਵਰਕ ਐਲੋਕੇਸ਼ਨ ਅਨੁਸਾਰ ਬਣਦੀ ਰਾਸ਼ੀ ਇਨ੍ਹਾਂ ਏਜੰਸੀਆਂ ਨੂੰ ਸਿੱਧੇ ਹੀ ਟ੍ਰਾਂਸਫਰ ਕਰ ਦਿੱਤੀ ਗਈ ਹੈ।

9.0 ਸਕੂਲ ਪੱਧਰ ਤੇ ਜਾਰੀ ਕੀਤੇ ਗਈ ਸਕੂਲ ਗਰਾਂਟ ਅਤੇ ਮਾਈਨਰ ਰਿਪੇਅਰ ਗਰਾਂਟ ਅਤੇ ਜ਼ਿਲ੍ਹਾ ਪੱਧਰ ਲਈ ਜਾਰੀ ਕੀਤੀ ਟੀਚਰ ਟ੍ਰੇਨਿੰਗ ਗਰਾਂਟ ਦੀ ਵਰਤੋਂ 31 ਮਾਰਚ, 2010 ਤੱਕ ਕਰਵਾ ਕੇ ਵਰਤੋਂ ਸਰਟੀਫਿਕੇਟ ਇਸ ਦਫ਼ਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇਗਾ।

10.0 ਗਰਾਂਟਾਂ ਦੀ ਵਰਤੋਂ ਲਈ "ਵਿਸ਼ੇਸ਼ ਹਦਾਇਤਾਂ" ਅਤੇ "Terms & Conditions" **Annexure-III** ਅਨੁਸਾਰ ਨਾਲ ਨੱਥੀ ਕਰਕੇ ਭੇਜੀਆਂ ਜਾ ਰਹੀਆਂ ਹਨ। ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨਾ ਯਕੀਨੀ ਬਣਾਉਣਾ ਹੋਵੇਗਾ।

**ਨੱਥੀ/ ਉਕਤ ਅਨੁਸਾਰ।**

**ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-**
**ਸਟੇਟ ਪ੍ਰੋਜੈਕਟ ਡਾਇਰੈਕਟਰ,**
**ਆਰ.ਐਮ.ਐਸ.ਏ, ਪੰਜਾਬ**